Punjab Government Gazette

EXTRAORDINARY

Published by Authority

CHANDIGARH, FRIDAY, OCTOBER 24, 2025 (KARTIKA 2, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

(ਸਥਾਨਕ ਸਰਕਾਰ-3 ਸ਼ਾਖਾ)

ਨੋਟੀਫਿਕੇਸ਼ਨ

ਮਿਤੀ 24 ਅਕਤੂਬਰ, 2025

ਨੰਬਰ 06/37/2024-1ਸਸ3(5ਸਸ3)/1787.- ਪ੍ਰਧਾਨ, ਨਗਰ ਕੌਂਸਲ, ਜਗਰਾਉ ਵੱਲੋ ਆਪਣੀਆਂ ਸ਼ਕਤੀਆਂ ਦੀ ਗਲਤ ਵਰਤੋਂ ਕਰਦੇ ਹੋਏ ਮਿਲੀਭੁਗਤ ਨਾਲ ਪੁਰਾਣੀ ਦਾਣਾ ਮੰਡੀ ਸਮੇਤ ਨਗਰ ਕੌਂਸਲ ਦੀਆਂ ਹੋਰ ਬਹੁਤ-ਕਰੋੜੀ ਮਾਲਕੀ ਵਾਲੀਆਂ ਸਰਕਾਰੀ ਥਾਵਾਂ ਉੱਪਰ ਨਜਾਇਜ ਕਬਜੇ ਕਰਵਾਕੇ ਸਰਕਾਰੀ ਥਾਵਾਂ ਨੂੰ ਖੁਰਦ-ਬੁਰਦ ਕਰਨ ਸਬੰਧੀ ਸ਼੍ਰੀ ਚਰਨਜੀਤ ਸਿੰਘ ਪੁੱਤਰ ਕਰਮ ਸਿੰਘ ਸੁਭਾਸ਼ ਗੇਟ, ਜਗਰਾਉ ਵੱਲੋ ਮਿਤੀ 22.05.2025 ਨੂੰ ਸ਼ਿਕਾਇਤ ਪ੍ਰਾਪਤ ਹੋਈ ਸੀ। ਇਸ ਸ਼ਿਕਾਇਤ ਤੇ ਅਗਲੇਰੀ ਕਾਰਵਾਈ ਕਰਨ ਲਈ ਮੁੱਖ ਚੋਕਸੀ ਅਫਸਰ, ਸਥਾਨਕ ਸਰਕਾਰ ਦੀ ਡਿਊਟੀ ਲਗਾਈ ਗਈ ਸੀ।

2. ਮੁੱਖ ਚੋਕਸੀ ਅਫਸਰ ਵੱਲੋਂ ਪੱਤਰ ਨੰ.ਸੀ.ਸੀ./ਸੀ.ਵੀ.ਓ.-2025/4437 ਮਿਤੀ 18.08.25 ਰਾਹੀਂ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਜਗਰਾਉਂ ਨੂੰ ਹਦਾਇਤ ਕੀਤੀ ਕਿ ਸ਼ਿਕਾਇਤ ਵਿੱਚ ਸ਼੍ਰੀ ਅਮਿਤ ਬਾਂਸਲ ਅਤੇ ਸ਼੍ਰੀ ਸਤੀਸ਼ ਬਾਂਸਲ, ਵਾਸੀ ਪੁਰਾਣਾ ਦਾਣਾ ਮੰਡੀ, ਜਗਰਾਉਂ ਵੱਲੋਂ ਉਸਾਰੀਆਂ ਗਈਆ ਦੁਕਾਨਾਂ ਸਬੰਧੀ ਕੀਤੇ ਗਏ ਨਜਾਇਜ ਕਬਜੇ ਤੇ ਅਣ-ਅਧਿਕਾਰਤ ਉਸਾਰੀਆਂ ਨੂੰ ਲੋੜੀਦੀ ਪੁਲਿਸ ਸਹਾਇਤਾ ਲੈਕੇ ਤੁਰੰਤ ਮੋਕੇ ਤੋ ਹਟਾਇਆ ਜਾਵੇ। ਜਿਸ ਤੋ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਧਾਨ, ਨਗਰ ਕੌਂਸਲ, ਜਗਰਾਉਂ ਵੱਲੋਂ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਜਿਸ ਤਹਿਤ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 22 ਅਧੀਨ ਸਰਕਾਰ ਵੱਲੋਂ ਪੱਤਰ ਨੰ.06/37/20254-1ਸਸ3(5ਸਸ3)/1519 ਮਿਤੀ 09.09.25 ਰਾਹੀਂ ਸ਼੍ਰੀ ਜਤਿੰਦਰਪਾਲ ਰਾਣਾ, ਪ੍ਰਧਾਨ,ਨਗਰ ਕੌਂਸਲ, ਜਗਰਾਉਂ ਨੂੰ ਕਾਰਨ ਦੱਸੋ ਨੋਟਿੰਸ ਜਾਰੀ ਕਰਕੇ 21 ਦਿਨਾਂ ਤੇ ਅੰਕਰ-ਅੰਦਰ ਜਵਾਬ ਮੰਗਿਆ ਗਿਆ।

3. ਪ੍ਰਧਾਨ, ਨਗਰ ਕੌਂਸਲ, ਜਗਰਾਉ ਵੱਲੋਂ ਮਿਤੀ 27.09.25 ਨੂੰ ਪੇਸ਼ ਕੀਤੇ ਜਵਾਬ ਨੂੰ ਘੋਖਣ ਉਪਰੰਤ ਸਪੱਸ਼ਟ ਨਹੀ ਹੁੰਦਾ ਹੈ ਕਿ ਸ਼ਿਕਾਇਤ ਕਰਤਾ ਸ਼੍ਰੀ ਚਰਨਜੀਤ ਸਿੰਘ ਪੁੱਤਰ ਕਰਮ ਸਿੰਘ ਵਾਸੀ ਸੁਭਾਸ਼ ਗੇਟ ਜਗਰਾਉ ਵੱਲੋਂ ਮਿਤੀ 22.05.2025 ਨੂੰ ਕੀਤੀ ਸ਼ਿਕਾਇਤ ਵਿੱਚ ਦਰਸਾਏ ਦੋਸ਼ਾਂ ਨੂੰ ਦੂਰ ਕਰਦੇ ਹੋਏ ਪ੍ਰਧਾਨ, ਨਗਰ ਕੌਂਸਲ, ਜਗਰਾਓ ਵੱਲੋਂ ਸ਼੍ਰੀ ਅਮਿਤ ਬਾਂਸਲ ਅਤੇ ਸ਼੍ਰੀ ਸਤੀਸ਼ ਬਾਂਸਲ, ਵਾਸੀ ਪੁਰਾਣਾ ਦਾਣਾ ਮੰਡੀ, ਜਗਰਾਉਂ ਵੱਲੋਂ ਉਸਾਰੀਆਂ ਗਈਆ ਦੁਕਾਨਾਂ ਸਬੰਧੀ ਕੀਤੇ ਗਏ ਨਜਾਇਜ ਕਬਜੇ ਤੇ ਅਣ-ਅਧਿਕਾਰਤ ਉਸਾਰੀਆਂ ਨੂੰ ਹਟਾਉਣ ਲਈ ਕੋਈ ਕਾਰਵਾਈ ਕੀਤੀ ਗਈ ਹੋਵੇ।

4. ਪ੍ਰਧਾਨ, ਨਗਰ ਕੌਂਸਲ, ਜਗਰਾਉਂ ਵੱਲੋਂ ਪ੍ਰਾਪਤ ਹੋਏ ਜਵਾਬ ਤੇ ਮੁੱਖ ਚੌਕਸੀ ਅਫਸਰ, ਸਥਾਨਕ ਸਰਕਾਰ ਤੋਂ ਟਿੱਪਣੀ ਪ੍ਰਾਪਤ ਕੀਤੀ ਗਈ। ਮੁੱਖ ਚੋਕਸੀ ਅਫਸਰ ਵੱਲੋਂ ਟਿੱਪਣੀ ਦਿੱਤੀ ਗਈ ਕਿ ਪ੍ਰਧਾਨ, ਨਗਰ ਕੌਂਸਲ, ਜਗਰਾਉ ਵੱਲੋਂ ਸ਼ਿਕਾਇਤ ਵਿੱਚ

ਦਰਸਾਈ ਉਸਾਰੀ/ਨਜਾਇਜ ਕਬਜੇ ਸਬੰਧੀ ਕੋਈ ਜਵਾਬ ਨਹੀ ਪੇਸ਼ ਕੀਤਾ ਗਿਆ ਹੈ,ਇਸ ਤੋਂ ਇਲਾਵਾ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਜਗਰਾਉਂ ਵੱਲੋਂ ਵੀ ਪੱਤਰ ਨੰ.1291 ਮਿਤੀ 21.07.2025 ਰਾਹੀਂ ਮੁੱਖ ਚੋਕਸੀ ਅਫਸਰ, ਸਥਾਨਕ ਸਰਕਾਰ ਨੂੰ ਲਿਖਿਆ ਗਿਆ ਸੀ ਕਿ ਮੌਕੇ ਤੇ ਅਜੇ ਵੀ ਨਜਾਇਜ ਉਸਾਰੀ/ਕਬਜਾ ਮੌਜੂਦ ਹੈ ਅਤੇ ਸਥਿਤੀ ਜਿਉ ਦੀ ਤਿਉਂ ਹੈ।

5. ਪ੍ਰਧਾਨ, ਨਗਰ ਕੌਂਸਲ, ਜਗਰਾਓ ਵੱਲੋਂ ਦਿੱਤੇ ਸਪੱਸ਼ਟੀਕਰਨ ਅਤੇ ਮੁੱਖ ਚੋਕਸੀ ਅਫਸਰ , ਸਥਾਨਕ ਸਰਕਾਰ ਤੋਂ ਪ੍ਰਾਪਤ ਹੋਈ ਟਿੱਪਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਨਜਾਇਜ ਕੰਬਜਾ ਜਿਉਂ ਤੇ ਤਿਉ ਖੜਾ ਹੋਣ ਕਾਰਨ ਪ੍ਰਧਾਨ, ਨਗਰ ਕੌਸਲ, ਜਗਰਾਉਂ ਵੱਲੋਂ ਆਪਣੇ ਅਹੇਦੇ ਦੇ ਦੁਰਵਰਤੋਂ ਕੀਤੀ ਜਾ ਰਹੀ ਹੈ, ਜਿਸ ਕਰਕੇ ਸਰਕਾਰ ਵੱਲੋਂ ਮਿਤੀ 09.09.25 ਨੂੰ ਜਾਰੀ ਕਾਰਨ ਦੱਸੋ ਨੋਟਿੰਸ ਵਿਚ ਲਗਾਏ ਦੋਸ਼ ਸਿੱਧ ਹੋ ਜਾਂਦੇ ਹਨ।ਪ੍ਰਧਾਨ, ਨਗਰ ਕੌਂਸਲ, ਜਗਰਾਉਂ ਵੱਲੋਂ ਆਪਣੀਆਂ ਸ਼ਕਤੀਆਂ ਦਾ ਗਲਤ ਇਸਤੇਮਾਲ ਕਰਦੇ ਹੋਏ, ਉਸਾਰੀ ਕਾਰ ਨੂੰ ਸ਼ੈਅ ਦੇਣ,ਉਸਾਰੀਆਂ ਸਬੰਧੀ ਕੋਈ ਵੀ ਕਾਰਵਾਈ ਨਾ ਕਰਨ ਅਤੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਨ ਕਾਰਨ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 22 ਅਧੀਨ ਨਗਰ ਕੌਸਲ, ਜਗਰਾਉਂ ਦੀ ਪ੍ਰਧਾਨਗੀ ਪਦ ਤੋਂ ਹਟਾਇਆ ਜਾਦਾ ਹੈ।

6. ਇਹ ਹੁਕਮ ਸਮਰਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਸਹੀ/-

ਤੇਜਵੀਰ ਸਿੰਘ, ਆਈ.ਏ.ਐਸ

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

ਚੰਡੀਗੜ੍ਹ

ਮਿਤੀ 23 ਅਕਤੂਬਰ, 2025

3536/10-2025/Pb. Govt. Press, S.A.S. Nagar